# ਪ੍ਰੈਸ ਨੋਟ

ਮਾਣਯੋਗ ਸ੍ਰੀ ਸਤਿੰਦਰ ਸਿੰਘ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਨੇ ਇਕ ਪ੍ਰੈਸ ਕਾਨਫਰੰਸ ਰਾਹੀ ਦੱਸਿਆ ਕਿ ਮਿਤੀ 22-07-2019 ਨੂੰ ਜਸਪਾਲ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਮਕਾਨ ਨੰਬਰ 42 ਖਾਲਸਾ ਐਵੀਨਿਊ ਨੇੜੇ ਖਾਲਸਾ ਕਾਲਜ ਡੇਲੀ ਨੀਡ ਵਾਲੀ ਗਲੀ ਥਾਣਾ ਕੰਟੋਨਮੈਂਟ ਪੁਤਲੀ ਘਰ ਅਮ੍ਰਿਤਸਰ ਦੇ ਬਿਆਨਾ ਤੇ ਮੁੱਕਦਮਾ ਨੰਬਰ 107 ਮਿਤੀ 22-07-2019 ਅ/ਧ 394,120-ਬੀ ਭ:ਦ 25/27-54-59 ਅਸਲਾ ਐਕਟ ਥਾਣਾ ਸੁਭਾਨਪੁਰ ਜਿਲਾ ਕਪੂਰਥਲਾ ਦਰਜ ਰਜਿਸਟਰ ਹੋਇਆ ਸੀ ਕਿ ਉਸਨੇ ਆਪਣੇ ਭਤੀਜੇ ਅਤੇ ਆਪਣੇ ਚਾਚੇ ਦੇ ਲੜਕੇ ਨੂੰ ਵਿਦੇਸ਼ ਕੈਨੇਡਾ ਭੇਜਣ ਲਈ ਏਜੰਟ ਸਿਮਰਨਜੀਤ ਸਿੰਘ ਉਰਫ ਪ੍ਰਿਸ ਪੁੱਤਰ ਸਤਿੰਦਰ ਸਿੰਘ ਵਾਸੀ ਮਕਾਨ ਨੰਬਰ 291ਅਨੰਦ ਵਿਹਾਰ ਝਬਾਲ ਰੋਡ ਅਮ੍ਰਿਤਸਰ ਥਾਣਾ ਹਕੀਮਾ ਵਾਲਾ ਗੇਟ ਅਮ੍ਰਿਤਸਰ ਨਾਲ ਕੁੱਲ 44 ਲੱਖ ਰੁਪਏ ਦੀ ਗੱਲ ਤੈਅ ਹੋਈ ਸੀ ਮਿਤੀ 22-07-2019 ਨੂੰ ਏਜੰਟ ਸਿਮਰਨਜੀਤ ਸਿੰਘ ਉਰਫ ਪ੍ਰਿੰਸ ਦੇ ਕਹਿਣ ਤੇ ਉਹ ਆਪਣੇ ਭਰਾ ਗੁਰਬਾਜ ਸਿੰਘ,ਹੈਪੀ,ਦਵਿੰਦਰ ਸਿੰਘ ਨਾਲ ਆਪਣੀ ਗੱਡੀ XUV ਪਰ 44 ਲੱਖ ਰੁਪਏ ਲੈ ਕੇ ਸਿਮਰਨਜੀਤ ਸਿੰਘ ਉਰਫ ਪ੍ਰਿੰਸ ਏਜੰਟ ਨੂੰ ਵੀ ਨਾਲ ਗੱਡੀ ਵਿੱਚ ਬਿਠਾ ਕੇ ਵਿਰਾਸਤ ਹਵੇਲੀ ਵਿੱਚ ਪਹੁੰਚੇ ਤਾ ਜਿੱਥੇ ਇੱਕ ਸਰਦਾਰ ਆਦਮੀ ਬਾਹਰ ਖੜਾ ਸੀ ਗੱਡੀ ਰੋਕਦਿਆ ਹੀ ਸਿਮਰਨਜੀਤ ਸਿੰਘ ਉਰਫ ਪ੍ਰਿੰਸ ਏਜੰਟ ਗੱਡੀ ਵਿਚੋ ਉਤਰ ਕੇ ਉਸ ਦੇ ਕੋਲ ਗਿਆ 2-4 ਮਿੰਟ ਫੋਨ ਤੇ ਗੱਲ ਕਰਕੇ ਉਹਨਾ ਵਲੋ ਲਿਆਦੇ ਪੈਸੇ ਦੇਖੇ ਤੇ ਇੰਨੇ ਨੂੰ ਜਲੰਧਰ ਸਾਈਡ ਵਲੋ 02 ਗੱਡੀਆ ਇਕ i-20 ਕਾਰ ਅਤੇ ਸਵਿਫਟ ਕਾਰ ਰੰਗ ਚਿੱਟਾ ਰੁਕੀਆ ਨੇ ਗੱਡੀ ਦੇ ਸ਼ੀਸੇ ਤੇ ਰਾਡ ਲੋਹਾ ਮਾਰ ਕੇ ਸ਼ੀਸਾ ਤੋੜ ਦਿੱਤਾ ਅਤੇ ਇਕ ਨੋਜਵਾਨ ਨੇ ਪਿਸਤੋਲ ਨਾਲ ਉਹਨਾ ਤੇ ਗੋਲੀਆ ਚਲਾਈਆ ਤੇ ਇਕ ਸ਼ਰਾ ਉਸ ਦੇ ਭਰਾ ਗੁਰਬਾਜ ਸਿੰਘ ਦੀ ਖੱਬੇ ਹੱਥ ਦੀ ਵੱਡੀ ਉੱਗਲ ਤੇ ਲੱਗਾ।ਉਸ ਦੇ ਭਰਾ ਗੁਰਬਾਜ ਸਿੰਘ ਨੇ ਆਪਣੀ ਜਾਨ ਅਤੇ ਪੈਸੇ ਬਚਾਉਣ ਲਈ ਗੱਡੀ ਵਿੱਚ ਬੈਠੇ ਆਪਣੇ ਪਿਸਤੋਲ ਨਾਲ ਗੋਲੀਆ ਚਲਾਈਆ, ਉਹਨਾ ਦੇ ਇਕ ਵਿਅਕਤੀ ਦੇ ਵੀ ਗੋਲੀ ਲੱਗ ਗਈ ।ਫਿਰ ਉਹ ਪੈਸਿਆ ਵਾਲੇ 02 ਬੈਗ ਲੁੱਟ ਕੇ ਲੈ ਗਏ।ਜਿਸ ਤੇ ਮੁੱਖ ਅਫਸਰ ਥਾਣਾ ਸੁਭਾਨਪੁਰ ਵਲੋ ਉਕਤ ਮੁਕੱਦਮਾ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਦੀ ਗਈ।

ਇਸ ਮੁੱਕਦਮਾ ਨੂੰ ਟਰੇਸ ਕਰਨ ਲਈ ਮਾਨਯੋਗ SSP ਸਾਹਿਬ ਕਪੂਰਥ਼ਲਾ ਜੀ ਵਲੋ ਸ੍ਰੀ ਹਰਪ੍ਰੀਤ ਸਿੰਘ ਮੰਡੇਰ ਪੁਲਿਸ ਕਪਤਾਨ ਤਫਤੀਸ਼ ਕਪੂਰਥਲਾ, ਸ੍ਰੀ ਮਨਪ੍ਰੀਤ ਸਿੰਘ ਢਿਲੋ ਪੁਲਿਸ ਕਪਤਾਨ PBI, ਕਪੂਰਥਲਾ, ਸ੍ਰੀ ਸੁਰਿੰਦਰ ਚਾਂਦ ਉਪ ਪੁਲਿਸ ਕਪਤਾਨ, ਭੁਲੱਥ ਦੀ ਨਿਗਰਾਨੀ ਹੇਠ ਇੰਸਪੈਕਟਰ ਬਲਵਿੰਦਰ ਪਾਲ ਇੰਨਚਾਰਜ਼ ਸੀ.ਆਈ.ਏ ਸਟਾਫ ਕਪੂਰਥਲਾ, ਇੰਸਪੈਕਟਰ ਸ਼ਿਵਕੰਵਲ ਸਿੰਘ ਮੁੱਖ ਅਫਸਰ ਥਾਣਾ ਸੁਭਾਨਪੁਰ, ਸੀ.ਆਈ.ਏ ਸਟਾਫ ਫਗਵਾੜਾ ਦੀਆ ਵੱਖ ਵੱਖ ਟੀਮਾ ਬਣਾ ਕੇ ਉਕਤ ਮੁੱਕਦਮਾ ਦੇ ਫਰਾਰ ਹੋਏ ਦੋਸ਼ੀਆ ਦੇ ਟਿਕਾਣਿਆ ਤੇ ਰੇਡ ਕੀਤੇ ਗਏ ਦੌਰਾਨੇ ਤਫਤੀਸ਼ ਇਹ ਗੱਲ ਸਾਹਮਣੇ ਆਈ ਕਿ ਟਰੈਵਲ ਏਜੰਟ ਸਿਮਰਨਜੀਤ ਸਿੰਘ ਉਰਫ ਪ੍ਰਿੰਸ ਦਿੱਲੀ ਦੇ ਇੱਕ ਅਰੁਣ ਨਾਮ ਦੇ ਵਿਅਕਤੀ ਨਾਲ ਇਨਟੱਚ ਸੀ ਅਤੇ ਉਸ ਨੂੰ ਦਿਲੀ ਜਾ ਕੇ ਮਿਲਦਾ ਸੀ ਜੋ ਇਸ ਅਰੁਣ ਨੇ ਅੱਗੇ ਇੱਕ ਮੋਹਨ ਨਾਮ ਦੇ ਵਿਅਕਤੀ ਨਾਲ ਵੱਟਸਐਪ ਦੇ ਜਰੀਏ ਰਾਬਤਾ ਕਾਇਮ ਕਰਾਇਆ ਸੀ ਜੋ ਸਿਮਰਨਜੀਤ ਸਿੰਘ ਉਰਫ ਪ੍ਰਿੰਸ ਅਜਿਹੇ ਵਿਅਕਤੀਆਂ ਦੀ ਤਲਾਸ਼ ਕਰਦਾ ਸੀ ਜੋ ਕਿ ਵਿਦੇਸ਼ ਜਾਣ ਦੇ ਚਾਹਵਾਨ ਹੁੰਦੇ ਸੀ ਅਤੇ ਉਹਨਾਂ ਨੂੰ ਪੇਮੈਂਟ ਕਰਨ ਲਈ ਅਜਿਹੀ ਜਗ੍ਹਾ ਬਲਾਉਂਦਾ ਸੀ ਜਿੱਥੋਂ ਵਾਰਦਾਤ ਅਸਾਨੀ ਨਾਲ ਕੀਤੀ ਜਾ ਸਕੇ । ਫਿਰ ਇਹਨਾਂ ਵਿੱਚੋਂ ਇੱਕ ਬੰਦਾ ਪੈਸੇ ਗਿਣਨ ਲਈ ਜਾਂਦਾ ਸੀ ਤੇ ਪੈਸੇ ਗਿਣਨ ਤੋਂ ਬਾਅਦ ਏਜੰਟ ਦੁਆਰਾ ਦੂਜੇ ਬੰਦਿਆਂ ਨੂੰ ਵੱਟਸਐਪ ਕਾਲ ਕਰਨ ਤੇ ਉਸ ਜਗ੍ਹਾ ਤੇ ਪਹੁੰਚ ਕੇ ਪੈਸੇ ਖੋਹ ਲੈਂਦੇ ਸੀ। ਇਹਨਾਂ ਨੇ 07 ਬੰਦਿਆਂ ਦਾ ਗੈਂਗ ਬਣਾਇਆ ਹੋਇਆ ਹੈ ਇਹਨਾਂ ਵੱਲੋਂ 28 ਜੂਨ 2019 ਨੂੰ ਵੀ ਅਮ੍ਰਿਤਸਰ ਦੇ ਵਿਅਕਤੀਆ ਪਾਸੋਂ 24 ਲੱਖ ਰੁਪਏ ਦਿਆਲਪੁਰ ਦੇ ਨਜਦੀਕ ਗੁਰੂਦੁਆਰਾ ਸਾਹਿਬ ਤੋਂ ਖੋਹਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਜਿਆਦਾ ਵਿਅਕਤੀ ਹੋਣ ਕਰਕੇ ਇਹ ਆਪਣੇ ਮਕਸੱਦ ਵਿੱਚ ਕਾਮਯਾਬ ਨਹੀ ਹੋਏ। ਇਸ ਤੋਂ ਬਾਅਦ ਇਹਨਾਂ ਨੇ ਗੁਰਦਾਸਪੁਰ ਦੇ ਵਿਅਕਤੀਆਂ ਨੂੰ 12 ਲੱਖ ਰੁਪਏ ਦੇ ਨਾਲ ਅਵਤਾਰ ਰੈਜੀਡੈਂਸੀ ਨੇੜੇ ਬਿਆਸ ਪਿੰਡ ਭੋਗਪੁਰ ਬੁਲਾਇਆ ਸੀ ਜਿੱਥੋਂ ਇਹ 12 ਲੱਖ ਰੁਪਏ ਖੋਹ ਕੇ ਲੈ ਜਾਣ ਵਿੱਚ ਕਾਮਯਾਬ ਹੋ ਗਏ ਸੀ। ਉਕਤ ਮੁਕੱਦਮਾ ਵਿੱਚ ਨਾਮਜਦ ਦੋਸ਼ੀ ਟਰੈਵਲ ਏਜੰਟ ਸਿਮਰਨਜੀਤ ਸਿੰਘ ਉਰਫ ਪ੍ਰਿੰਸ ਪੁੱਤਰ ਸਤਿੰਦਰ ਸਿੰਘ ਵਾਸੀ ਮਕਾਨ ਨੰਬਰ 291 ਅਨੰਦ ਵਿਹਾਰ ਝਬਾਲ ਰੋਡ, ਥਾਣਾ ਹਕੀਮਾ ਵਾਲਾ ਗੇਟ ਅਮ੍ਰਿਤਸਰ ਨੂੰ ਮੁਕੱਦਮਾ ਹਜਾ

ਵਿੱਚ ਮਿਤੀ 22-07-2019 ਨੂੰ ਗ੍ਰਿਫਤਾਰ ਕੀਤਾ ਗਿਆ। ਦੌਰਾਨੇ ਤਫਤੀਸ਼ ਇਹ ਗੱਲ ਸਾਹਮਣੇ ਆਈ ਕਿ ਇਹ ਵਾਰਦਾਤ ਸ਼ੁਭਮ ਉਰਫ ਗੋਲਨ ਪੁੱਤਰ ਸੁਮੰਨ ਕੁਮਾਰ ਵਾਸੀ ਪਿੰਡ ਜਾਂਜਾ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ, ਸੁਖਵਿੰਦਰ ਸਿੰਘ ਉਰਫ ਰੋਨ ਪੁੱਤਰ ਮਨਜੀਤ ਸਿੰਘ ਵਾਸੀ ਟਾਂਡਾ ਉੜਮੁੜ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ ਅਤੇ ਅਮਰਦੀਪ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਕੰਧਾਲਾ ਜੱਟਾ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ ਨੇ ਆਂਪਣੇ ਹੋਰ ਸਾਥੀਆ ਨਾਲ ਰੱਲ ਕੇ ਕੀਤੀ ਹੈ। ਪੁਲਿਸ ਵਲੋ ਇਹਨਾ ਦੋਸ਼ੀਆ ਨੂੰ ਗ੍ਰਿਫਤਾਰ ਕਰਨ ਲਈ ਕਾਫੀ ਮਿਹਨਤ ਕਰਕੇ ਇਹਨਾ ਦੋਸ਼ੀਆ ਦੇ ਟਿਕਾਣਿਆ ਦੀ ਤਹਿ ਤੱਕ ਪਹੁੰਚ ਕੇ ਸ਼ੁਭਮ ਉਰਫ ਗੋਲਨ ਪੁੱਤਰ ਸੁਮੰਨ ਕੁਮਾਰ ਵਾਸੀ ਪਿੰਡ ਜਾਂਜਾ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ ਨੂੰ ਮਿਤੀ 23-07-2019 ਨੂੰ ਗ੍ਰਿਫਤਾਰ ਕੀਤਾ ਗਿਆ, ਸੁਖਵਿੰਦਰ ਸਿੰਘ ਉਰਫ ਰੋਨ ਪੁੱਤਰ ਮਨਜੀਤ ਸਿੰਘ ਵਾਸੀ ਟਾਂਡਾ ਉੜਮੁੜ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ ਅਤੇ ਅਮਰਦੀਪ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਕੰਧਾਲਾ ਜੱਟਾ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ ਨੂੰ **ਨੰਗਲ ਸ਼ਾਮਾ ਚੌਂਕ ਰਾਮਾਮੰਡੀ ਜਲੰਧਰ ਤੋ ਮੁੱਕਦਮਾ ਹਜ਼ਾ ਵਿੱਚ ਮਿਤੀ 24-07-2019 ਨੂੰ ਗ੍ਰਿਫਤਾਰ ਕਰ ਲਿਆ** ਤੇ ਮੁੱਕਦਮਾ ਦੇ ਵਕੂਏ ਸਮੇ ਇਹਨਾ ਦੋਸ਼ੀਆ ਵਲੋ ਵਰਤੀ ਹੋਈ ਕਾਰ PB-10-EL-1001 ਮਾਰਕਾ ਆਈ-20 ਰੰਗ ਚਿੱਟਾ ਦੋਸ਼ੀ ਸ਼ੁਭਮ ਉਕਤ ਪਾਸੋ ਬ੍ਰਾਂਮਦ ਕੀਤੀ ਗਈ ਹੈ। ਵਾਰਦਾਤ ਸਮੇ ਮੁਦਈ ਮੁੱਕਦਮਾ ਜਸਪਾਲ ਸਿੰਘ ਦੇ ਭਰਾ ਗੁਰਬਾਜ਼ ਸਿੰਘ ਵਲੋ ਆਪਣੇ ਲਾਈਸੰਸੀ ਪਿਸਟਲ ਨਾਲ ਆਪਣੇ ਬਚਾਅ ਲਈ ਚਲਾਈਆ ਗੋਲੀਆ ਵਿਚੋ ਇਕ ਗੋਲੀ ਇਹਨਾ ਦੇ ਸਾਥੀ ਹਰਮਨਜੀਤ ਸਿੰਘ ਧਾਲੀਵਾਲ ਪੁੱਤਰ ਹਰਵਿੰਦਰਪਾਲ ਸਿੰਘ ਵਾਸੀ ਕੰਧਾਲਾ ਜੱਟਾ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ ਦੇ ਲੱਗੀ, ਜੋ ਕਿ ਜ਼ੇਰ ਇਲਾਜ਼ ਹੈ। ਇਹਨਾ ਦੋਸ਼ੀਆ ਵਲੋ ਖੋਹੀ ਹੋਈ ਰਕਮ 44 ਲੱਖ ਵਿੱਚੋ 34,68,500 ਰੁਪਏ ਬ੍ਰਾਮਦ ਕੀਤੇ ਗਏ ਹਨ ।ਗ੍ਰਿਫਤਾਰ ਦੋਸ਼ੀਆ ਨੂੰ ਪੇਸ਼ ਅਦਾਲਤ ਕੀਤਾ ਜਾ ਰਿਹਾ ਹੈ, ਜਿਹਨਾ ਦਾ ਮਾਨਯੋਗ ਅਦਾਲਤ ਵਿਚੋ ਹੋਰ ਰਿਮਾਂਡ ਹਾਸਲ ਕਰਕੇ ਇਹਨਾ ਪਾਸੋ ਹੋਰ ਡੂੰਘਾਈ ਨਾਲ ਪੁਛਗਿਛ ਕੀਤੀ ਜਾਵੇਗੀ ਅਤੇ ਫਰਾਰ ਹੋਏ ਦੋਸ਼ੀਆ ਨੂੰ ਗ੍ਰਿਫਤਾਰ ਕਰਨ ਲਈ ਪੁਲਿਸ ਪਾਰਟੀਆ ਰੇਡ ਕਰ ਰਹੀਆ ਹਨ।

**ਦੋਸ਼ੀਆ ਦੇ ਖਿਲਾਫ ਦਰਜ਼ ਮੁੱਕਦਮਾ:-**

**ਮੁੱਕਦਮਾ ਨੰਬਰ 107 ਮਿਤੀ 22-07-2019 ਅ/ਧ 394,120-ਬੀ ਭ:ਦ 25/27-54-59 ਅਸਲਾ ਐਕਟ ਥਾਣਾ ਸੁਭਾਨਪੁਰ ਜਿਲਾ ਕਪੂਰਥਲਾ।**

ਗ੍ਰਿਫਤਾਰ ਦੋਸ਼ੀ:-

1. ਸਿਮਰਨਜੀਤ ਸਿੰਘ ਉਰਫ ਪ੍ਰਿੰਸ ਪੁੱਤਰ ਸਤਿੰਦਰ ਸਿੰਘ ਵਾਸੀ ਮਕਾਨ ਨੰਬਰ 291ਅਨੰਦ ਵਿਹਾਰ ਝਬਾਲ ਰੋਡ, ਥਾਣਾ ਹਕੀਮਾ ਵਾਲਾ ਗੇਟ ਅਮ੍ਰਿਤਸਰ (ਗ੍ਰਿਫਤਾਰ ਮਿਤੀ 22-03-2019)
2. ਸ਼ੁਭਮ ਉਰਫ ਗੋਲਨ ਪੁੱਤਰ ਸੁਮੰਨ ਕੁਮਾਰ ਵਾਸੀ ਪਿੰਡ ਜਾਂਜਾ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ (ਗ੍ਰਿਫਤਾਰ ਮਿਤੀ 23-07-2019)
3. ਸੁਖਵਿੰਦਰ ਸਿੰਘ ਉਰਫ ਰੋਨ ਪੁੱਤਰ ਮਨਜੀਤ ਸਿੰਘ ਵਾਸੀ ਟਾਂਡਾ ਉੜਮੁੜ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ (ਗ੍ਰਿਫਤਾਰ ਮਿਤੀ 24-07-2019)
4. ਅਮਰਦੀਪ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਕੰਧਾਲਾ ਜੱਟਾ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ (ਗ੍ਰਿਫਤਾਰ ਮਿਤੀ 24-07-2019)

ਜ਼ੇਰ ਇਲਾਜ਼ ਦੋਸ਼ੀ:-

**ਹਰਮਨਜੀਤ ਸਿੰਘ ਧਾਲੀਵਾਲ ਪੁੱਤਰ ਹਰਵਿੰਦਰਪਾਲ ਸਿੰਘ ਵਾਸੀ ਕੰਧਾਲਾ ਜੱਟਾ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ।**

ਬ੍ਰਾਮਦਗੀ:-

1. **ਦੋਸ਼ੀ ਸੁਭਮ ਉਰਫ ਗੋਲਨ ਪਾਸੋ ਬ੍ਰਾਂਮਦ ਰਕਮ 10,00000/-(10 ਲੱਖ ਰੁਪਏ), ਵਾਰਦਾਤ ਵਿੱਚ ਵਰਤੀ ਕਾਰ PB-10-EL-1001 ਮਾਰਕਾ ਆਈ-20 ਰੰਗ ਚਿੱਟਾ ਅਤੇ ਇਕ ਖੰਡਾ**
2. **ਦੋਸ਼ੀ ਸੁਖਵਿੰਦਰ ਸਿੰਘ ਉਰਫ ਰੋਨ ਪਾਸੋ ਬ੍ਰਾਂਮਦ ਰਕਮ ਬੈਗ ਵਿਚੋ 13,00000/-(13 ਲੱਖ ਰੁਪਏ)**
3. **ਦੋਸ਼ੀ ਅਮਰਦੀਪ ਸਿੰਘ ਪਾਸੋ ਬ੍ਰਾਮਦ ਰਕਮ ਬੈਗ ਵਿਚੋ 11,68,500/-(11 ਲੱਖ 68 ਹਜ਼ਾਰ 500 ਰੁ)**

**( ਕੱਲ ਬ੍ਰਾਮਦ ਰਕਮ 34 ਲੱਖ 68 ਹਜ਼ਾਰ 500 ਰੁਪਏ)**


KAPURTHALA